# ਪੰਜਾਬ ਰਾਜ ਬਿਜਲੀ ਬੋਰਡ

ਪੀ.ਆਰ.ਸਰਕੂਲਰ ਨੰ: 16/2001
ਮਿਤੀ: 24.10.2001

ਮੀਮੋ ਨੰ: 12441/12652/ਐਸ ਉ/ਪੀ.ਆਰ.ਸੀ/ਐਲ.ਡੀ/ਪੀ.ਸੀ-230 ਮਿਤੀ: 24.10.2001

ਵਿਸ਼ਾ: ਕੰਢੀ ਏਰੀਆ ਸ੍ਰੇਣੀ ਅਧੀਨ ਆਉਂਦੇ 11 ਕੇ.ਵੀ ਰੂਰਲ ਫੀਡਰਾਂ ਨੂੰ ਬਿਜਲੀ ਦੀ ਸਪਲਾਈ ਦੇਣ ਸਬੰਧੀ ।

---

ਇਸ ਦਫਤਰ ਦੇ ਪੀ.ਆਰ.ਸਰਕੂਲਰ ਨੰ: 10/98 ਮਿਤੀ 22.07.98 ਦੀ ਲਗਾਤਾਰਤਾ ਵਿਚ ਇੱਕ ਵਾਰ ਫਿਰ ਸਪਸ਼ਟ ਕੀਤਾ ਜਾਂਦਾ ਹੈ ਕਿ ਉਪ ਮੁੱਖ ਇੰਜੀ:/ਨਿਗਰਾਨ ਇੰਜ:/ਸੰਚਾਲਣ ਵੱਲੋ ਕੰਢੀ ਏਰੀਏ ਦੇ ਸਿਰਫ ਉਨਾਂ 11 ਕੇ.ਵੀ.ਰੂਰਲ ਫੀਡਰਾਂ ਨੂੰ ਸ਼ਹਿਰੀ/ਉਦਯੋਗਿਕ ਫੀਡਰਾਂ ਦੇ ਪੈਟਰਨ ਤੇ ਬਿਜਲੀ ਦੀ ਸਪਲਾਈ ਦਿੱਤੀ ਜਾਵੇ ਜਿੰਨ੍ਹਾਂ ਫੀਡਰਾਂ ਉੱਪਰ ਖੇਤੀਬਾੜੀ ਖਪਤਕਾਰਾਂ (ਟਿਊਬਵੈਲਾਂ) ਦਾ ਭਾਰ ਫੀਡਰ ਦੇ ਕੁਲ ਭਾਰ ਦੇ 40% ਤੋਂ ਘੱਟ ਹੋਵੇ ।

ਇਹ ਆਮ ਵੇਖਣ ਵਿੱਚ ਆਇਆ ਹੈ ਕਿ ਅਜਿਹੇ ਕੰਢੀ ਏਰੀਆ ਸ੍ਰੇਣੀ ਅਧੀਨ ਆਉਂਦੇ 11 ਕੇ.ਵੀ. ਰੂਰਲ ਫੀਡਰਾਂ ਉਪਰ ਸ਼ਹਿਰੀ/ਉਦਯੋਗਿਕ ਫੀਡਰਾਂ ਉੱਪਰ ਲਾਗੂ ਹੋਣ ਵਾਲੀ ਪਾਵਰ ਕੱਟ ਨਹੀਂ ਲਗਾਈ ਜਾਂਦੀ । ਇਸ ਲਈ ਇਸ ਗਸ਼ਤੀ ਪੱਤਰ ਨਾਲ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਜਦੋਂ ਵੀ ਪਾਵਰ ਕੰਟਰੋਲ ਸੈਂਟਰ ਵੱਲੋ ਸ਼ਹਿਰੀ/ਉਦਯੋਗਿਕ ਫੀਡਰਾਂ ਉਪਰ ਪੀ.ਆਰ.ਸਰਕੂਲਰ ਨੰ: 3/99 ਦੀ ਕੈਟਾਗਰੀ-1 ਅਨੁਸਾਰ ਪਾਵਰ ਕੱਟ ਲਾਗੂ ਕੀਤੀ ਜਾਵੇ ਤਾਂ ਅਜਿਹੇ ਕੰਢੀ ਏਰੀਏ ਅਧੀਨ ਆਉਂਦੇ 11 ਕੇ.ਵੀ ਰੂਰਲ ਫੀਡਰਾਂ, ਜਿੰਨਾਂ ਨੂੰ ਸ਼ਹਿਰੀ/ਉਦਯੋਗਿਕ ਫੀਡਰਾਂ ਦੇ ਪੈਟਰਨ ਤੇ ਬਿਜਲੀ ਸਪਲਾਈ ਦਿੱਤੀ ਜਾਂਦੀ ਹੈ, ਉਪਰ ਵੀ ਪੀ.ਆਰ.ਸਰਕੂਲਰ ਨੰ: 3/99 ਦੀ ਕੈਟਾਗਰੀ-1 ਅਨੁਸਾਰ ਸ਼ਹਿਰੀ/ਉਦਯੋਗਿਕ ਫੀਡਰਾਂ ਦੀ ਪਾਵਰ ਕੱਟ ਦੇ ਸਮੇਂ ਅਨੁਸਾਰ ਪਾਵਰ ਕੱਟ ਲਾਗੂ ਕੀਤੀ ਜਾਵੇ ਅਤੇ ਅਜਿਹੇ ਫੀਡਰਾਂ ਦੇ ਪੈਨਲਾਂ ਉੱਪਰ ਵੀ ਕੈਟਾਗਰੀ-1 ਦਾ ਮਾਰਕ ਲਾਇਆ ਜਾਵੇ ।

ਉਪਰੋਕਤ ਹਦਾਇਤਾਂ ਦੀ ਸਖਤੀ ਨਾਲ ਪਾਲਣਾ ਯਕੀਨੀ ਬਣਾਈ ਜਾਵੇ ਜੀ ।

ਡਾਇਰੈਕਟਰ/ਪੀ.ਆਰ.ਤੇ ਸੀ,
ਵਾ: ਮੁੱਖ ਇੰਜੀਨੀਅਰ/ਐਸ.ੳ.ਤੇ ਸੀ,
ਪੰ:ਰਾ:ਬਿ:ਬੋ:, ਪਟਿਆਲਾ ।